## ਗਾਗਰ ਬਾਰੇ

ੴ

ਭਾਈ ਸ਼ੰਕਾਵਾਦੀ ਸਜਨੋ, ਸ੍ਰੀ ਹਜ਼ੂਰ ਸਾਹਿਬ ਜੀ ਦੀ ਮ੍ਰਿਜਾਦਾ ਹੋਰ ਅਸਥਾਨਾਂ ਨਾਲੋਂ ਨਿਆਰੀ ਹੈ, ਕਿਉਂਕਿ ਕਿਸੇ ਵੀ ਗੁਰਅਸਥਾਨ ਤੇ ਨਦੀ ਦੇ ਜਲ ਦੀ ਗਾਗਰ ਆਉਂਦੀ ਹੋਵੇ, ਇਥੇ ਗੰਗਾ ਗੋਦਾਵਰੀ ਤੋਨ ਨਿਤਨੇਮ ਰਾਤ ਨੂੰ ਢਾਈ ਵਜੇ ਗਾਗਰੀਆ ਸਿੰਘ ਲੇ ਆਂਵਦਾ ਹੈ । ਚਾਹੇ ਮੀਂਹ ਹੋਵੇ, ਝੜੀ ਲਗੀ ਹੋਵੇ, ਮਹਾਰਾਜ ਜੀ ਦੇ ਸਿੰਘਾਸਨ ਦੇ ਇਸਨਾਨ ਵਾਸਤੇ ਨਿਤਨੇਮ ਆਇਆ ਕਰਦੀ ਹੈ, ਕਿਉਂਕਿ ਗੰਗਾ ਦਾ ਜਲ ਪਵਿਤ੍ਰ ਮੰਨਿਆ ਗਿਆ ਹੈ । ਹਵਾਲਾ ਸ੍ਰੀ ਨਾਰਾਯਨ ਹਰੀ ਉਪਦੇਸ਼ੀ ਰਚਿਤ ਪੰਡਤ ਹਰਦੇਵ ਸਿੰਘ ਜੀ, ਸਫ਼ਾ ਨੰਬਰ ੫੯੨ ਤੇ ਇਸਤਰਾਂ ਵਰਨਨ ਕੀਤਾ ਗਇਆ ਹੈ ।

ਉਤਰ : - ਕੂਪ ਜਲ ਸੇ ਤਲਾਬ ਮੇਂ ਸਨਾਨ ਕਰਨੇ ਕਾ ਦਸ ਗੁਨਾ ਅਧਿਕ ਮਹਾਤਮ ਹੈ । ਤਲਾਬ ਸੇ ਨਹਿਰ ਕੇ ਜਲ ਕਾ ਦਸ ਗੁਨਾ ਅਧਿਕ ਮਹਾਤਮ ਹੈ । ਨਹਿਰ ਸੇ ਛੋਟੀ ਨਦੀ ਕੇ ਜਲ ਕਾ ਦਸ ਗੁਨਾ ਬੜੀ ਨਦੀ ਕਾ ਮਹਾਤਮ ਦਸ ਗੁਨਾ ਅਧਿਕ ਹੈ । ਬੜੀ ਨਦੀ ਸੇ ਜਮਨਾ, ਸੁਰਸੁਤੀ, ਨਰਬਦਾ ਆਦਿਕ ਨਦੀਓਂ ਕੇ ਸਨਾਨ ਕਾ ਦਸ ਗੁਨਾ ਅਧਿਕ ਮਹਾਤਮ ਹੈ ਔਰ ਇਸ ਸੇ ਭੀ ਸ੍ਰੀ ਗੰਗਾ ਜੀ ਕੇ ਇਸਨਾਨ ਕਾ ਅਧਿਕ ਮਹਾਤਮ ਹੈ । ਸੋ ਭਾਈ ਸ਼ੰਕਾਵਾਦੀ ਸਜਨੋ, ਜੇੜ੍ਹੇ ਜਲ ਨੂੰ ਵੇਦਾਂਤ ਦੁਵਾਰਾਂ ਨੇ ਉਤਮ ਮੰਨਿਆ ਹੈ, ਗੁਰੂ ਸਾਹਿਬ ਜੀ ਦੇ ਨਿਕਟਵਰਤੀ ਸਿੰਘ ਉਹੀ ਜਲ ਲਾ ਕੇ ਇਸਨਾਨ ਕਰਾਉਂਦੇ ਰਹੇ, ਜੇੜ੍ਹਾ ਕਿ ਹੁਨ ਤਕ ਚਲੇ ਆਂਵਦਾ ਹੈ ।

ਗੁਰੂ ਸਾਹਿਬ ਜੀ ਦੇ ਪ੍ਰਸੰਨਤਾ ਵ ਖ਼ੁਸ਼ੀਆਂ ਹਾਸਿਲ ਕਰਨ ਵਾਸਤੇ, ਕਿਉਂਕਿ ਦੂਜੀ ਪਾਤਸ਼ਾਹੀ ਗੁਰੂ ਅੰਗਦ ਸਾਹਿਬ ਜੀ ਨੂੰ ਤੀਸਰੀ ਪਾਤਸ਼ਾਹੀ ਬਿਆਸਾ ਨਦੀ ਤੋਂ ਗਾਗਰ ਜਲ ਭਰ ਕੇ ਇਸ਼ਨਾਨ ਕਰਾਂਉਂਦੇ ਸਨ । ਖਡੂਰ ਸਾਹਿਬ ਤੋਂ ਬਿਆਸਾ ਨਦੀ ਅੰਦਾਜਨ ਤੀਨ ਮੀਲ ਦੇ ਕਰੀਬ ਹੋਵੇਗੀ । ਉਥੋਂ ਸੇ ਜਲ ਲਿਆ ਕੇ ਇਸ਼ਨਾਨ ਕਰਾਂਉਂਦੇ ਸਨ । ਇਸਤਰ੍ਹਾਂ ਬਾਰ੍ਹਾਂ ਸਾਲ ਕਰਾਉਂਦੇ ਰਹੇ । ਗੁਰੂ ਅੰਗਦ ਸਾਹਿਬ ਜੀ ਇਤਨੇ ਖ਼ੁਸ਼ ਹੋਏ ਕਿ ਅਪਨਾ ਸਰੂਪ ਹੀ ਬਨਾ ਦਿਤਾ ਔਰ ਗੁਰਤਾ ਗਦੀ ਬਖ਼ਸ਼ ਦਿਤੀ ਔਰ ਅਨੇਕਾਂ ਵਰ ਦਿਤੇ, ਨਿਮਾਨਯਾਂ ਦੇ ਮਾਣਿ, ਨਿਤਾਨਿਆਂ ਦੇ ਤਾਨ, ਨਿਥਾਂਵੇ ਦੇ ਥਾਉ ਇਤਆਦਿਕ ਬੇਅੰਤ ਵਰ ਬਖ਼ਸ਼ੇ । ਗੁਰ ਅਮਰਦਾਸ ਸਾਹਿਬ ਜੀ ਦਾ ਉਪਮਾ ਇਨਸਾਨ ਦੀ ਜ਼ਬਾਨ ਵਿਚ ਤਾਕਤ ਨਹੀਂ ਹੈ, ਜੋ ਓਹ ਬ੍ਰਨਨ ਕਰ ਸਕੇ ।

ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥ [੧]

---

[੧] ਸਵਈਏ ਮਹਲੇ ਤੀਜੇ ਕੇ, ਭਟ-ਬਾਣੀ, ਪੰਨਾ ੧੩੯੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਸੋ ਭਾਈ ਸ਼ੰਕਾਵਾਦੀ ਸਜਨੋ, ਜਲ ਦੀ ਗਾਗਰ ਦੀ ਸੇਵਾ ਕਿਸੇ ਗੁਰਦਵਾਰੇ ਦੇਖਨ ਵਿਚ ਨਹੀਂ ਆਈ ਹੈ । ਜੇਕਰ ਸ਼ੰਕਾਵਾਦੀ ਸਜਨ ਦਾ ਕਹਿਨਾ ਹੈ ਕਿ ਚੌਹਾਂ ਤਖ਼ਤਾਂ ਸਾਹਿਬ ਕੀ ਮ੍ਰਿਜਾਦਾ ਹੋਨੀ ਚਾਹੀਏ, ਸੋ ਭਾਈ ਸ਼ੰਕਾਵਾਦੀ ਸਜਨੋ, ਤੁਸੀਂ ਤਾਂ ਉਦਮ ਨਹੀਂ ਕਰੋਗੇ ਗਾਗਰ ਦੀ ਸੇਵਾ ਕਰਨ ਦਾ ਏਕ ਹੋਗੇ । ਜੇ ਇਥੇ ਭੀ ਬੰਦ ਕਰੋ ਏਸ ਦੀ ਕੀ ਜ਼ਰੂਰਤ ਹੈ, ਏਹੋ ਜੇਹੇ ਸ਼ੰਕਾਵਾਦੀ ਸਜਨਾਂ ਵਾਸਤੇ ਭਾਈ ਗੁਰਦਾਸ ਜੀ ਨੇ ਫ਼ੁਰਮਾਯਾ

ਗਿਦੜ ਦਾਖ ਨ ਅਪੜੈ ਆਖੈ ਥੂਹ ਕਉੜੀ ।
ਨਚਣੁ ਨਚਿ ਨ ਜਾਣਈ ਆਖੈ ਭੁਇ ਸਉੜੀ ।[੨]

ਆਪਿ ਨ ਦੇਹਿ ਚੁਰੂ ਭਰਿ ਪਾਨੀ ॥ ਤਿਹ ਨਿੰਦਹਿ ਜਿਹ ਗੰਗਾ ਆਨੀ ॥[੩]

---

[੨] ਪਉੜੀ ੬, ਵਾਰ ੩੪, ਭਾਈ ਸਾਹਿਬ ਗੁਰਦਾਸ ਜੀ ।
[੩] ਗਉੜੀ ਚੇਤੀ, ਕਬੀਰ ਜੀ, ਪੰਨਾ ੩੩੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।